# 2
# ਕਲੀਸੀਆ ਦੇ ਸੰਗਠਨ ਲਈ ਬਾਈਬਲੀ ਨਜ਼ਰੀਆ

ਕਲੀਸੀਆ ਦੀ ਰਹਿਬਰੀ ਦੇ ਅਧਿਐਨ ਲਈ ਕਲੀਸਿਆ ਦੇ ਸੰਗਠਨ ਦੀ ਸਮਝ ਹੋਣੀ ਜ਼ਰੂਰੀ ਹੈ। ਨਵੇਂ ਨੇਮ ਮੁਤਾਬਕ ਪ੍ਰਭੂ ਦੀ ਕਲੀਸੀਆ ਕਿਵੇਂ ਸੰਗਠਿਤ ਹੋ ਸਕਦੀ ਹੈ? ਕੀ ਇਸ ਵਿਚ ਯਾਜਕ ਪ੍ਰਣਾਲੀ ਹੋਣੀ ਚਾਹੀਦੀ ਹੈ ਜਿਸ ਵਿਚ ਪੂਰੇ ਸੰਸਾਰ ਲਈ ਇਕ ਬਿਸ਼ਪ ਹੋਵੇ? ਕੀ ਇਸ ਵਿਚ ਬਿਸ਼ਪ ਹੋਣੇ ਚਾਹੀਦੇ ਹਨ ਜੋ ਡਾਇਓਸਿਜ਼ਾਂ ਨੂੰ ਚਲਾਉਂਦੇ ਹੋਣ? ਕੀ ਸਿਨਡਾਂ ਜਾਂ ਕਨਵੈਨਸ਼ਨਾਂ ਦੇ ਹੱਥ ਵਿਚ ਸ਼ਕਤੀ ਹੋਣੀ ਚਾਹੀਦੀ ਹੈ? ਕੀ ਮੰਡਲੀਆਂ ਰਾਸ਼ਟਰੀ ਜਾਂ ਅੰਤਰਾਸ਼ਟਰੀ ਸੰਗਠਨ ਨਾਲ ਜੁੜੀਆਂ ਹੋਣੀਆਂ ਚਾਹੀਦੀਆਂ ਹਨ ਜਾਂ ਉਨ੍ਹਾਂ ਨੂੰ ਆਪਣਾ ਇੰਤਜ਼ਾਮ ਆਪੇ ਕਰਨਾ ਚਾਹੀਦਾ ਹੈ? ਕੀ ਹਰ ਸਥਾਨਕ ਕਲੀਸੀਆ ਦਾ ਪ੍ਰਚਾਰਕ ਇੰਚਾਰਜ ਹੋਣਾ ਚਾਹੀਦਾ ਹੈ? ਮਸੀਹ ਦੇ ਪਿੱਛੇ ਚੱਲਣ ਵਾਲੇ ਹੋਣ ਦਾ ਦਾਅਵਾ ਕਰਨ ਵਾਲੇ ਜਿੰਨੇ ਵੀ ਵੱਖ ਵੱਖ ਸੰਗਠਨ ਹਨ ਕਲੀਸੀਆ ਦੇ ਸੰਗਠਨ ਬਾਰੇ ਓਨੀਆਂ ਹੀ ਸਿੱਖਿਆਵਾਂ ਹੋਣਗੀਆਂ।

ਅਸੀਂ ਨਵੇਂ ਨੇਮ ਦੀ ਕਲੀਸੀਆ ਬਣਨ ਲਈ ਸਮਰਪਿਤ ਹਾਂ, ਇਸ ਲਈ ਸਾਨੂੰ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਨਵੇਂ ਨੇਮ ਦੀ ਕਲੀਸੀਆ ਕਿਵੇਂ ਸੰਗਠਿਤ ਹੋਈ, ਉਹ ਦੇ ਰਹਿਬਰ ਕੌਣ ਸਨ, ਅਤੇ ਉਹ ਕੀ ਕਰਦੇ ਸਨ।

## ਮੁੱਢਲਾ ਸੰਗਠਨ

ਸਭ ਤੋਂ ਪਹਿਲਾਂ, ਸਾਨੂੰ ਕਲੀਸੀਆ ਦੇ ਮੁੱਢਲੇ ਸੰਗਠਨ ਤੇ ਵਿਚਾਰ ਕਰਨ ਦੀ ਲੋੜ ਹੈ। ''ਮੁੱਢਲਾ'' ਤੋਂ ਸਾਡਾ ਭਾਵ ਕਲੀਸੀਆ ਦੇ ਸੰਗਠਨ ਦਾ ''ਮੂਲ'' ਜਾਂ ''ਬੁਨਿਆਦ'' ਹੈ ਜੋ ਪ੍ਰਭੂ ਦੇ ਲੋਕਾਂ ਲਈ ਵਰਤੇ ਜਾਣ ਲਈ ''ਕਲੀਸੀਆ'' ਸ਼ਬਦ ਦੇ ਵਿਸ਼ਵਵਿਆਪੀ ਅਤੇ ਸਥਾਨਕ ਵਰਤੋਂ ਨਾਲ ਮੇਲ ਖਾਂਦਾ ਹੈ।

### ''ਕਲੀਸੀਆ'' ਸ਼ਬਦ ਦਾ ਕੀ ਅਰਥ ਹੈ?

ਕਲੀਸੀਆ ਲਈ ਮਸ਼ਹੂਰ ਅੰਗ੍ਰੇਜ਼ੀ ਸ਼ਬਦ ''ਚਰਚ'' ਲਈ ਵੀ ਯੂਨਾਨੀ ਭਾਸ਼ਾ ਦਾ ਸ਼ਬਦ *ਇਕਲੇਸੀਆ* ਹੈ। ਇਹ ਸ਼ਬਦ *ਇਕ* ਜਿਸ ਦਾ ਅਰਥ ''ਵਿੱਚੋਂ'' ਅਤੇ *ਕੇਲਿਆ* ਜਿਸ ਦਾ ਅਰਥ ''ਸੱਦਣਾ'' ਹੈ, ਤੋਂ ਲਿਆ ਗਿਆ ਹੈ। ਇਸ ਕਰਕੇ ਇਹਦਾ ਅਰਥ ''ਸੱਦੇ ਹੋਏ'' ਲਿਆ ਜਾਂਦਾ ਹੈ। ਪਰ ''ਸੱਦੇ ਹੋਏ'' ਸ਼ਾਇਦ ਇਸ ਸ਼ਬਦ ਦਾ ਬੇਹਤਰੀਨ *ਪਰਿਭਾਸ਼ਾ* ਨਹੀਂ ਹੋਵੇਗੀ ਕਿਉਂਕਿ ਇਸ ਦੀ ਪਰਿਭਾਸ਼ਾ ''ਜਮਾਤ'' ਜਾਂ ''ਮੰਡਲੀ'' ਦੇ ਰੂਪ ਵਿਚ ਹੋਰ ਬੇਹਤਰ ਹੋ ਸਕਦੀ ਹੈ।

ਨਵੇਂ ਨੇਮ ਵਿਚ ''ਕਲੀਸੀਆ'' ਸ਼ਬਦ ਦੀ ਵਰਤੋਂ ਚਾਰ ਵੱਖ-ਵੱਖ ਢੰਗਾਂ ਨਾਲ ਕੀਤੀ ਗਈ ਹੈ। ਰਸੂਲਾਂ ਦੇ ਕੰਮ 19:32, 39, 41 ਵਿਚ ਇਹਦੀ ਵਰਤੋਂ ਆਮ ਲੋਕਾਂ ਦੀ ਭੀੜ ਵਰਗੀ ਜਮਾਤ ਲਈ ਕੀਤੀ ਗਈ ਹੈ। ਖ਼ੁਦਾ ਦੇ ਲੋਕਾਂ ਤੇ ਲਾਗੂ ਕਰਨ ਲਈ, ਇਹਦੀ ਵਰਤੋਂ ਤਿੰਨ ਤਰ੍ਹਾਂ ਨਾਲ ਕੀਤੀ ਜਾਂਦੀ ਹੈ। ਇਹਦੀ ਵਰਤੋਂ *ਵਿਸ਼ਵਵਿਆਪੀ ਕਲੀਸੀਆ* ਭਾਵ ਪੂਰੀ ਦੁਨੀਆ ਵਿਚ ਮਸੀਹ ਰਾਹੀਂ ਬਚਾਏ ਗਏ ਖ਼ੁਦਾ ਦੇ ਸਭ ਲੋਕਾਂ ਲਈ ਕੀਤੀ ਜਾਂਦੀ ਹੈ:

> ''ਅਤੇ ਮੈਂ ਵੀ ਤੈਨੂੰ ਆਖਦਾ ਹਾਂ ਜੋ ਤੂੰ ਪਤਰਸ ਹੈਂ ਅਤੇ ਮੈਂ ਇਸ ਚੱਟਾਨ ਉੱਤੇ ਆਪਣੀ ਕਲੀਸੀਆ ਬਣਾਵਾਂਗਾ ਅਤੇ ਪਤਾਲ ਦੇ ਫਾਟਕਾਂ ਦਾ ਉਹਦੇ ਉੱਤੇ ਕੁਝ ਵੱਸ ਨਾ ਚੱਲੇਗਾ'' (ਮੱਤੀ 16:18)।
>
> ਉਹ ਦੇਹੀ ਦਾ ਅਰਥਾਤ ਕਲੀਸੀਆ ਦਾ ਸਿਰ ਹੈ, ਉਹੋ ਆਦਿ ਹੈ ਅਤੇ ਮੁਰਦਿਆਂ ਵਿੱਚੋਂ ਜੇਠਾ ਹੈ ਭਈ ਉਹ ਸਭਨਾਂ ਗੱਲਾਂ ਵਿਚ ਪ੍ਰਧਾਨ ਹੋਵੇ (ਕੁਲੁੱਸੀਆਂ 1:18)।

ਇਹਦੀ ਵਰਤੋਂ ਖ਼ੁਦਾ ਦੇ ਲੋਕਾਂ ਲਈ ਕਿਸੇ ਖਾਸ ਇਲਾਕੇ ਦੀ ਮੰਡਲੀ ਦੇ ਲੋਕਾਂ ਭਾਵ *ਸਥਾਨਕ ਕਲੀਸੀਆ* ਲਈ ਕੀਤੀ ਜਾਂਦੀ ਹੈ। ਰੋਮੀਆਂ 16:16 ਕਹਿੰਦਾ ਹੈ, ''ਤੁਸੀਂ ਪਵਿੱਤਰ ਚੁੰਮੇ ਨਾਲ ਇਕ ਦੂਏ ਨੂੰ ਸਲਾਮ ਕਹੋ। ਮਸੀਹ ਦੀਆਂ ਸਭ ਕਲੀਸੀਆਵਾਂ ਤੁਹਾਨੂੰ ਸਲਾਮ ਆਖਦੀਆਂ ਹਨ'' (ਗਲਾਤੀਆਂ 1:2; ਪ੍ਰਕਾਸ਼ ਦੀ ਪੋਥੀ 1:20; 2:1 ਆਦਿ ਵੀ ਵੇਖੋ)। ਕਲੀਸੀਆ ਦੀ ਇਕੱਠੀ ਹੋਈ ਮੰਡਲੀ *ਭਾਵ ਸਥਾਨਕ ਕਲੀਸੀਆ ਦੀ ਸਭਾ* ਲਈ ਵੀ ਵਰਤਿਆ ਜਾਂਦਾ ਹੈ (1 ਕੁਰਿੰਥੀਆਂ 14:19, 23, 26, 28, 35)।

### ''ਮੁੱਢਲਾ ਸੰਗਠਨ'' ਕੀ ਹੈ?

ਫਿਰ ਕਲੀਸੀਆ ਦਾ ''ਮੱਢਲਾ ਸੰਗਠਨ'' ਕੀ ਹੈ? *ਇਹ ਮਸੀਹ ਨਾਲ ਮਸੀਹੀ ਆਦਮੀ ਦਾ ਸਬੰਧ* ਅਤੇ ਵਿਸ਼ਵਵਿਆਪੀ ਕਲੀਸੀਆ ਦਾ ਸਬੰਧ ਹੈ, ਪਰ ਇਹ ਸਬੰਧ ਸਥਾਨਕ ਕਲੀਸੀਆ ਦੇ ਸੰਗਠਨ ਦੀ ਬੁਨਿਆਦ ਵੀ ਹੈ।

ਉਹ ਸਬੰਧ ਕੀ ਹੈ? (1) ਮਸੀਹ ਅੰਗੂਰ ਦੀ ਵੇਲ ਹੈ ਅਤੇ ਹਰ ਮਸੀਹੀ ਟਹਿਣੀ ਹੈ (ਯੂਹੰਨਾ 15:1-11)। (2) ਮਸੀਹ ਦੇਹ ਦਾ ਸਿਰ ਹੈ ਅਤੇ ਮਸੀਹੀ ਲੋਕ ਦੇਹ ਦੇ ਅੰਗ ਹਨ (1 ਕੁਰਿੰਥੀਆਂ 12:12; ਅਫ਼ਸੀਆਂ 1:22, 23; ਕੁਲੁੱਸੀਆਂ 1:18)। (3) ਮਸੀਹੀ ਲੋਕਾਂ ਨੂੰ ਮਸੀਹ ਵਿਚ ਬਪਤਿਸਮਾ ਮਿਲਿਆ ਹੈ, ਉਸ ਦੀ ਮੌਤ ਵਿਚ ਬਪਤਿਸਮਾ ਮਿਲਿਆ ਹੈ, ਅਤੇ ਉਨ੍ਹਾਂ ਨੇ ਬਪਤਿਸਮੇ ਵਿਚ ਉਸ ਨੂੰ ਪਹਿਨ ਲਿਆ ਹੈ (ਰੋਮੀਆਂ 6:3; ਗਲਾਤੀਆਂ 3:27)। ਫਿਰ ਮਸੀਹ ਮਸੀਹੀ ਲੋਕਾਂ ਵਿਚ ਵਾਸ ਕਰਦਾ ਹੈ (ਕੁਲੁੱਸੀਆਂ 1:27)। ਇਸ ਲਈ ਮਸੀਹੀ ਲੋਕ ਮਸੀਹ ਵਿਚ ਹਨ (ਅਫ਼ਸੀਆਂ 1:13)। (4) ਮਸੀਹੀ ਲੋਕ ਚੇਲੇ ਹਨ (ਰਸੂਲਾਂ ਦੇ ਕੰਮ 11:26)। ਇਸ ਲਈ ਉਹ ਸਿੱਖਣ ਵਾਲੇ ਭਾਵ ਸ਼ਗਿਰਦ ਹਨ ਅਤੇ ਮਸੀਹ ਉਨ੍ਹਾਂ ਦਾ ਗੁਰੂ ਜਾਂ ਉਸਤਾਦ ਹੈ। (5) ਮਸੀਹ ਦੇਹ ਨੂੰ ਪਿਆਰ ਕਰਦਾ ਹੈ (ਵੱਖ ਵੱਖ ਅੰਗਾਂ ਜਾਂ ਮਸੀਹੀ ਲੋਕਾਂ ਨਾਲ ਬਣੀ), ਦੇਹ ਲਈ ਮਰਿਆ, ਦੇਹ ਨੂੰ ਬਚਾਉਂਦਾ ਹੈ, ਦੇਹ ਦਾ ਸਿਰ ਹੈ, ਦੇਹ ਨੂੰ ਸ਼ੁੱਧ ਕਰਦਾ ਹੈ, ਅਤੇ ਪਿਆਰ ਨਾਲ ਦੇਹ ਦਾ ਪਾਲਣ ਪੋਸ਼ਣ ਕਰਦਾ ਹੈ। ਇਸ ਲਈ ਦੇਹ ਮਸੀਹ ਦੇ ਅਧੀਨ ਹੈ (ਅਫ਼ਸੀਆਂ 5:23-30), (6) ਜੇ ਮਸੀਹ ਆਪਣੇ ਰਾਜ ਦਾ ਰਾਜਾ ਹੈ (ਯੂਹੰਨਾ

18:36, 37), ਤਾਂ ਮਸੀਹੀ ਲੋਕ ਉਹਦੀ ਪਰਜਾ ਭਾਵ ਉਹਦੇ ਰਾਜ ਦੇ ਲੋਕ ਹਨ। (7) ਮਸੀਹ ਚੰਗਾ ਅੱਯਾਲੀ ਹੈ ਅਤੇ ਅਸੀਂ ਉਹਦੀਆਂ ਭੇਡਾਂ ਹਾਂ (ਯੂਹੰਨਾ 10:1-18)। (8) ਮਸੀਹੀ ਲੋਕ ਆਖ ਸਕਦੇ ਹਨ ਕਿ ਉਹ ਹੁਣ ਜੀਉਂਦੇ ਨਹੀਂ ਹਨ, ਸਗੋਂ ਮਸੀਹ ਉਨ੍ਹਾਂ ਵਿਚ ਜੀਉਂਦਾ ਹੈ (ਗਲਾਤੀਆਂ 2:20), ਅਤੇ ਉਨ੍ਹਾਂ ਲਈ, ''ਜੀਉਂਦੇ ਰਹਿਣਾ ਮਸੀਹ ਹੈ'' (ਫ਼ਿਲਿੱਪੀਆਂ 1:21)।

**ਲੀਡਰਸ਼ਿਪ ਦੀਆਂ ਦਿੱਕਤਾਂ ਕੀ ਹਨ?**

ਸਥਾਨਕ ਕਲੀਸੀਆ ਦੀ ਲੀਡਰਸ਼ਿਪ ਨੂੰ ਪ੍ਰਭਾਵਿਤ ਕਰਨ ਵਿਚ ਇਸ ਮੁੱਢਲੇ ਸੰਗਠਨ ਅੱਗੇ ਕੀ ਦਿੱਕਤਾਂ ਆਉਂਦੀਆਂ ਹਨ? ਪਹਿਲੀ ਗੱਲ, *ਸਾਰੇ* ਮਸੀਹੀ ਲੋਕਾਂ ਦਾ ਸਬੰਧ ਮਸੀਹ ਨਾਲ ਹੈ; ਆਗੂਆਂ ਜਾਂ ਰਹਿਬਰਾਂ (ਉਦਾਹਰਣ ਲਈ, ਐਲਡਰਾਂ, ਡੀਕਨਾਂ, ਪ੍ਰਚਾਰਕਾਂ) ਦਾ ਮਸੀਹ ਨਾਲ ਹੋਰ ਮੈਂਬਰਾਂ ਨਾਲੋਂ ਬਹੁਤਾ ਨਜ਼ਦੀਕੀ ਸਬੰਧ ਨਹੀਂ ਹੈ। ਇਹ ਜਾਣ ਕੇ ਕਲੀਸੀਆ ਦੇ ਆਗੂਆਂ ਨੂੰ ਹਲੀਮ ਰਹਿਣ ਵਿਚ ਮਦਦ ਮਿਲ ਸਕਦੀ ਹੈ। ਦੂਜੀ ਗੱਲ, ਮਸੀਹ ਨਾਲ ਮਸੀਹੀ ਲੋਕਾਂ ਦਾ ਸਬੰਧ (1) *ਕਲੀਸੀਆ ਦੇ ਰਹਿਬਰਾਂ* ਜਾਂ (2) *ਸਥਾਨਕ ਕਲੀਸੀਆ* ਦੇ ਭਰੋਸੇ ਨਹੀਂ ਹੈ। ਮਸੀਹੀ ਲੋਕਾਂ ਨੂੰ ਮਸੀਹ ਨਾਲ ਸਬੰਧ ਬਣਾਉਣਾ ਜਾਂ ਉਸ ਤਕ ਪਹੁੰਚਣ ਲਈ ਕਲੀਸੀਆ ਦੇ ਕਿਸੇ ਆਗੂ ਦੇ ਰਾਹੀਂ ਜਾਣ ਦੀ ਲੋੜ ਨਹੀਂ ਹੈ। ਹਰ ਮਸੀਹੀ ਯਾਜਕ ਹੈ (1 ਪਤਰਸ 2:5, 9); ਇਸੇ ਕਰਕੇ ਹਰ ਮਸੀਹੀ ਨੂੰ ਵਿਚੋਲੇ ਦੇ ਰੂਪ ਵਿਚ ਕਲੀਸੀਆ ਦੇ ਕਿਸੇ ਬੰਦੇ ਜਾਂ ਵਿਚੋਲੇ ਦੇ ਬਗ਼ੈਰ ਹੀ ਖ਼ੁਦਾ ਦੇ ਸਾਹਮਣੇ ਆਉਣ ਦਾ ਖਾਸ ਹੱਕ ਮਿਲਿਆ ਹੈ। ਮਸੀਹੀ ਲੋਕਾਂ ਨੂੰ ਸਥਾਨਕ ਕਲੀਸੀਆ ਵਿਚ ਸਰਗਰਮੀ ਨਾਲ ਭਾਗ ਲੈਣਾ ਚਾਹੀਦਾ ਹੈ, ਪਰ ਸਥਾਨਕ ਕਲੀਸੀਆ ਮਸੀਹ ਨਾਲ ਸੰਤੋਸ਼ਜਨਕ ਸਬੰਧ ਨਾਲ ਆਪਣੇ ਆਪ ਨੂੰ ਰੋਕ ਨਹੀਂ ਸਕਦੀ। ਕਿਸੇ ਮਾੜੀ ਕਲੀਸੀਆ ਵਿਚ ਵੀ ਚੰਗਾ ਮਸੀਹੀ ਮਿਲ ਸਕਦਾ ਹੈ। ਕੁਰਿੰਥੁਸ ਦੀ ਕਲੀਸੀਆ ਵਿਚ ਦਿੱਕਤਾਂ ਹੋਣ ਦੇ ਬਾਵਜੂਦ ਵਫ਼ਾਦਾਰ ਮਸੀਹੀ ਸਨ। ਯਿਸੂ ਨੇ ਸਰਦੀਸ ਦੀ ਕਲੀਸੀਆ ਨੂੰ ਮੁਰਦਾ ਕਿਹਾ, ਪਰ ਨਾਲ ਹੀ ਕਿਹਾ ਕਿ ''ਤੇਰੇ ਕੋਲ ਸਰਦੀਸ ਵਿਚ ਥੋੜ੍ਹੇ ਜਣੇ ਹਨ ਜਿਨ੍ਹਾਂ ਆਪਣੇ ਬਸਤਰ ਨੂੰ ਦਾਗ ਨਹੀਂ ਲੱਗਣ ਦਿੱਤਾ ਅਤੇ ਓਹ ਉੱਜਲੇ ਬਸਤਰ ਪਹਿਨੇ ਮੇਰੇ ਨਾਲ ਫਿਰਨਗੇ ਇਸ ਲਈ ਜੋ ਓਹ ਸੁਜੋਗ ਹਨ'' (ਪ੍ਰਕਾਸ਼ ਦੀ ਪੋਥੀ 3:4)।

## ਸਥਾਨਕ ਕਲੀਸੀਆ

ਜੇ ਮਸੀਹੀ ਆਦਮੀ ਦਾ ਮਸੀਹ ਨਾਲ ਸਬੰਧ ਬੁਨਿਆਦੀ ਹੈ, ਤਾਂ ਖ਼ੁਦਾ ਦੀ ਯੋਜਨਾ ਵਿਚ ਸਥਾਨਕ ਕਲੀਸੀਆ ਦਾ ਕੀ ਮਹੱਤਵ ਹੈ?

**ਸਥਾਨਕ ਮੰਡਲੀ ਦੀ ਕੀ ਲੋੜ ਹੈ?**

ਕੁਝ ਧਾਰਮਿਕ ਗੁਰੂਆਂ ਨੂੰ ਸਥਾਨਕ ਕਲੀਸੀਆ ਦਾ ਕੋਈ ਕਾਰਣ ਨਜ਼ਰ ਨਹੀਂ ਆਉਂਦਾ। ਇੱਥੋਂ ਤਕ ਕਿ ਕੁਝ ਮਸੀਹੀ ਲੋਕਾਂ ਨੂੰ ਵੀ ਨਿੱਜੀ ਤੌਰ ਤੇ ਸਥਾਨਕ ਕਲੀਸੀਆ ਦੀ ਕੋਈ ਲੋੜ ਨਹੀਂ ਲਗਦੀ ਕਿਉਂਕਿ ਉਹ ਉਸ ਦੇ ਮੈਂਬਰ ਨਹੀਂ ਹੁੰਦੇ ਜਾਂ ਉਸ ਵਿਚ ਸਰਗਰਮੀ ਨਾਲ ਭਾਗ ਨਹੀਂ ਲੈਂਦੇ।

ਤਾਂ ਵੀ, ਮਸੀਹੀ ਲੋਕਾਂ ਲਈ ਮਸੀਹੀ ਲੋਕਾਂ ਦੇ ਰੂਪ ਵਿਚ ''ਇਕੱਲੇ ਚੱਲਣ'' ਦੀ ਕੋਸ਼ਿਸ਼

ਨਾਲੋਂ ਬੇਹਤਰ ਹੈ ਕਿ ਉਹ ਸਥਾਨਕ ਕਲੀਸੀਆਵਾਂ ਵਿਚ ਇਕੱਠੇ ਹੋਣ। ਸਾਨੂੰ ਇਸ ਦਾ ਪਤਾ ਕਿਵੇਂ ਹੈ? *ਕਿਉਂਕਿ ਸਥਾਨਕ ਕਲੀਸੀਆ ਖ਼ੁਦਾ ਦੀ ਯੋਜਨਾ ਦਾ ਭਾਗ ਸੀ!* ਅਫ਼ਸੀਆਂ 3:9-11 ਆਖਦਾ ਹੈ:

> ਅਰ ਇਸ ਗੱਲ ਦਾ ਪ੍ਰਕਾਸ਼ ਕਰਾਂ ਕਿ ਉਸ ਭੇਤ ਦੀ ਕੀ ਜੁਗਤੀ ਹੈ ਜਿਹੜਾ ਆਦਿ ਤੋਂ ਪਰਮੇਸ਼ੁਰ ਵਿਚ ਗੁਪਤ ਰਿਹਾ ਹੈ, ਜਿਹਨੇ ਸਭ ਵਸਤਾਂ ਉਤਪੰਨ ਕੀਤੀਆਂ; ਭਈ ਹੁਣ ਕਲੀਸੀਆ ਦੇ ਰਾਹੀਂ ਸੁਰਗੀ ਥਾਵਾਂ ਵਿਚ ਹਕੂਮਤਾਂ ਅਤੇ ਅਖ਼ਤਿਆਰਾਂ ਉੱਤੇ ਪਰਮੇਸ਼ੁਰ ਦਾ ਨਾਨਾ ਪ੍ਰਕਾਰ ਦਾ ਗਿਆਨ ਪਰਗਟ ਕੀਤਾ ਜਾਵੇ। ਉਸ ਸਦੀਪਕ ਮਨਸ਼ਾ ਦੇ ਅਨੁਸਾਰ ਜਿਹੜੀ ਉਸ ਨੇ ਮਸੀਹ ਯਿਸੂ ਸਾਡੇ ਪ੍ਰਭੂ ਵਿਚ ਧਾਰੀ।

ਜੇ ਕੋਈ ਇਹ ਆਖਦਾ ਹੈ, ''ਜਿਵੇਂ ਮੈਂ ਕਲੀਸੀਆ ਨਾਲ ਹੋ ਕੇ ਰਹਿ ਸਕਦਾ ਹਾਂ ਉਵੇਂ ਹੀ ਇਸ ਦੇ ਬਗ਼ੈਰ ਵੀ ਰਹਿ ਸਕਦਾ ਹਾਂ,'' ਤਾਂ ਉਹ ਸਚਮੁਚ ਇਹੀ ਕਹਿ ਰਿਹਾ ਹੈ ਕਿ ਉਹ ਖ਼ੁਦਾ ਨਾਲੋਂ ਬਹੁਤਾ ਸਮਝਦਾਰ ਹੈ!

ਖ਼ੁਦਾ ਨੇ ਸਥਾਨਕ ਕਲੀਸੀਆ ਨੂੰ ਆਪਣੀ ਯੋਜਨਾ ਵਿਚ ਕਿਉਂ ਰੱਖਿਆ? ਆਮ ਅਰਥ ਵਿਚ, *ਹਰ ਮਸੀਹੀ ਅਤੇ ਮਸੀਹ ਦੇ ਸਬੰਧ ਨੂੰ ਮਜ਼ਬੂਤ ਕਰਨ ਵਿਚ ਮਦਦ ਕਰਨ ਅਤੇ ਉਸ ਦੇ ਸਬੰਧ ਵਿਚ ਅਤੇ ਹੋਰ ਲੋਕਾਂ ਨੂੰ ਲਿਆਉਣ ਵਿਚ ਮਦਦ ਕਰਨ ਲਈ।*

ਸਾਫ਼ ਤੌਰ ਤੇ, ਸਥਾਨਕ ਕਲੀਸੀਆ ਖ਼ੁਦਾ ਦੀ ਯੋਜਨਾ ਵਿਚ ਇਹ ਅਹਿਮ ਭੂਮਿਕਾ ਨਿਭਾਉਂਦੀ ਹੈ: (1) ਮਸੀਹੀ ਬਣਨਾ, ਮਸੀਹੀ ਬਣੇ ਰਹਿਣਾ, ਅਤੇ ਰੂਹਾਨੀ ਤਰੱਕੀ ਕਰਨਾ, ਇਕੱਲੇ ਰਹਿਣ ਨਾਲੋਂ ਪਿਆਰ ਭਰੀ ਸੰਭਾਲ ਕਰਨ ਵਾਲੀ ਮੰਡਲੀ ਵਿਚ ਬਹੁਤਾ ਅਸਾਨ ਹੈ। (2) ਸਥਾਨਕ ਕਲੀਸੀਆ ਵਿਚ ਇਕੱਠੇ ਹੋਏ ਮਸੀਹੀ ਸਿਖਾਉਣ, ਖੁਸ਼ਖਬਰੀ ਸੁਨਾਉਣ ਅਤੇ ਪਰੋਪਕਾਰ ਦੇ ਕੰਮ ਨੂੰ ਪੂਰਾ ਕਰ ਸਕਦੇ ਹਨ ਜੋ ਕਿ ਉਹ ਇਕੱਲੇ ਨਹੀਂ ਕਰ ਸਕਦੇ। (3) ਖ਼ੁਦਾ ਦੀ ਸੰਤਾਨ ਦੇ ਮਿਲ ਕੇ ਬੰਦਗੀ ਕਰਨ ਦੇ ਖਾਸ ਢੰਗ ਨਾਲ ਉਸ ਦੀ ਵਡਿਆਈ ਹੁੰਦੀ ਹੈ।

**ਸਥਾਨਕ ਕਲੀਸੀਆਵਾਂ**
**ਇਕ ਦੂਜੇ ਨਾਲ ਕਿਵੇਂ ਜੁੜਦੀਆਂ ਹਨ?**

ਸਥਾਨਕ ਕਲੀਸੀਆਵਾਂ ਇਕ ਦੂਜੇ ਨਾਲ ਕਿਵੇਂ ਜੁੜਦੀਆਂ ਹਨ? *ਪਹਿਲਾਂ ਤਾਂ, ਮਸੀਹ ਦੀਆਂ ਸਭ ਸਥਾਨਕ ਮੰਡਲੀਆਂ ਵਿਚਕਾਰ ਏਕਤਾ ਪਾਈ ਜਾਂਦੀ ਹੈ।* ਇਹ ਏਕਤਾ, ਇਕ ਹੋਣ ਦੀ ਸਿੱਖਿਆ ਦੇਣ ਨਾਲ ਹੁੰਦੀ ਹੈ। ਪ੍ਰਭੂ ਦੀ ਕਲੀਸੀਆ ਵਿਚ ਹਰ ਮੰਡਲੀ ਇਕ ਹੋ ਕੇ ਰਹਿਣ ਦੀ ਪੂਰੀ ਕੋਸ਼ਿਸ਼ ਕਰਦੀ ਹੈ: ''ਹੇ ਭਰਾਵੋ, ... ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਜੋ ਤੁਸੀਂ ਸੱਭੇ ਇੱਕੋ ਗੱਲ ਬੋਲੋ ਅਤੇ ਤੁਹਾਡੇ ਵਿਚ ਫੋਟਕ ਨਾ ਪੈਣ ਸਗੋਂ ਇੱਕੋ ਮਨ ਅਤੇ ਇੱਕੋ ਵਿਚਾਰ ਵਿਚ ਪੂਰੇ ਹੋ ਜਾਵੋ'' (1 ਕੁਰਿੰਥੀਆਂ 1:10)। ਬੇਸ਼ੱਕ, *ਸਿੱਖਿਆ* (ਡਾਕਟ੍ਰਿਨ) ਵਿਚ ਪਾਈ ਜਾਣ ਵਾਲੀ ਇਹ ਏਕਤਾ *ਵਿਚਾਰ* ਦੀ ਏਕਤਾ ਵਾਂਗ ਨਹੀਂ ਹੈ: ਵਿਸ਼ਵਾਸੀ ਭਰਾਵਾਂ ਵਿਚ ਵੱਖੋ-ਵੱਖ ਵਿਚਾਰ ਹੋਣਾ ਕੋਈ ਅਨੋਖੀ ਗੱਲ ਨਹੀਂ ਹੈ। ਡਾਕਟ੍ਰਿਨ ਦੀ ਏਕਤਾ ਲਈ ਸਭ ਦੇ ਇੱਕੋ ਵਿਚਾਰ ਦਾ ਹੋਣਾ ਜ਼ਰੂਰੀ ਨਹੀਂ ਹੈ। ਕਿਸੇ ਕੰਮ ਨੂੰ ਕਰਨ ਲਈ ਹਰ ਮੰਡਲੀ ਪ੍ਰਭੂ ਦੀ ਇੱਛਾ ਨੂੰ ਪੂਰਾ ਕਰਨ ਦਾ ਤਰੀਕਾ ਅਪਣਾਉਣ ਦਾ ਫ਼ੈਸਲਾ ਆਪਣੀ ਮਰਜ਼ੀ ਨਾਲ ਲੈ ਸਕਦੀ ਹੈ। ਪਰ ਇਹ ਏਕਤਾ ਵਿਸ਼ਵਾਸੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਈਆਂ ਮੰਡਲੀਆਂ ਵਿਚਲਾ

ਸਮਝੌਤਾ ਹੈ।

ਏਕਤਾ ਡਾਕਟ੍ਰਿਨ ਦੇ ਮਾਮਲਿਆਂ ਤੇ ਸਮਝੌਤੇ ਨਾਲ ਹੀ ਨਹੀਂ ਬਲਕਿ ਪ੍ਰੇਮ ਦੀ ਏਕਤਾ ਵੀ ਹੋਣੀ ਚਾਹੀਦੀ ਹੈ, ਜਿਸ ਵਿਚ ਮੰਡਲੀ ਨਾਲ ਮਿਲ ਕੇ ਹੀ ''ਭਾਈਚਾਰਾ'' ਬਣਦਾ ਹੈ ਅਤੇ ਹਰ ਮਸੀਹੀ ਨੂੰ ਇਸ ਭਾਈਚਾਰੇ ਨਾਲ ਪ੍ਰੇਮ ਕਰਨਾ ਜ਼ਰੂਰੀ ਹੈ (1 ਪਤਰਸ 2:17)। ਇਸ ਪ੍ਰੇਮ ਦਾ ਨਤੀਜਾ ਇਹ ਵੀ ਹੈ ਕਿ ਮੰਡਲੀਆਂ ਆਪਣੇ ਆਪ ਨੂੰ ਹੋਰਨਾਂ ਤੋਂ ਵੱਡਾ ਨਹੀਂ ਸਮਝਦੀਆਂ। ਇਕ ਹੋਰ ਫ਼ਾਇਦਾ ਇਹ ਹੁੰਦਾ ਹੈ ਕਿ ਕੁਝ ਹੱਦ ਤਕ ਉਹ ਇਕ ਦੂਜੇ ਨੂੰ ਆਪਣੇ ਚੰਗੇ ਕੰਮਾਂ ਨਾਲ ਦਲੇਰ ਕਰ ਸਕਦੇ ਹਨ।

*ਦੂਜਾ, ਸਥਾਨਕ ਮੰਡਲੀਆਂ ਵਿਚ ਅਜ਼ਾਦੀ ਪਾਈ ਜਾਂਦੀ ਹੈ।* ਉਲਟੇ, ਹਰ ਮੰਡਲੀ ਦੂਜੀ ਮੰਡਲੀ ਤੋਂ ਅਜ਼ਾਦ ਹੈ। ਇਸ ਵਿਚਾਰ ਨੂੰ ਪਰਗਟ ਕਰਨ ਲਈ ਅਸੀਂ ''ਮੰਡਲੀਆਂ ਦੀ ਖੁਦਮੁਖ਼ਤਿਆਰੀ'' ਦਾ ਨਾਂਅ ਦਿੰਦੇ ਹਾਂ। ਇਸ ਦਾ ਅਰਥ ਇਹ ਹੈ ਕਿ ਹਰ ਮੰਡਲੀ ਆਪਣਾ ਪ੍ਰਬੰਧ ਆਪੇ ਕਰਦੀ ਹੈ। ਪਰ ''ਆਪਣਾ ਪ੍ਰਬੰਧ ਕਰਨ'' ਦਾ ਵਿਚਾਰ ਕੁਝ ਗੁਮਰਾਹਕੁੰਨ ਲਗਦਾ ਹੈ ਕਿਉਂਕਿ ਇਸ ਦਾ ਅਰਥ ਕੁਝ ਲੋਕ ਅਜ਼ਾਦ ਕਲੀਸੀਆ ਮੰਨ ਲੈਂਦੇ ਹਨ। ਸਾਫ਼ ਹੈ ਕਿ ਪੂਰੇ ਭਾਈਚਾਰੇ ਵਾਂਗ ਜਿਵੇਂ ਹਰ ਮਸੀਹੀ ਦੀ ਮਸੀਹ ਦੇ ਅਧੀਨ ਹੋਣ ਦੀ ਜ਼ਿੰਮੇਵਾਰੀ ਹੈ ਜੋ ਆਪਣੇ ਰਾਜ ਦਾ ਰਾਜਾ ਹੈ, ਉਵੇਂ ਹੀ ਹਰ ਮੰਡਲੀ ਲਈ ਵੀ ਉਹਦੇ ਅਧੀਨ ਹੋਣਾ ਜ਼ਰੂਰੀ ਹੈ। ਇਹ ਮਸੀਹ ਦੇ ਅਧੀਨ ਹੋ ਕੇ ''ਅਜ਼ਾਦੀ,'' ''ਆਪਣਾ ਪ੍ਰਬੰਧ ਆਪੇ ਕਰਨਾ'' ਜਾਂ ''ਖ਼ੁਦਮੁਖ਼ਤਿਆਰੀ'' ਹੈ।

ਇਹ ਠੀਕ ਹੈ ਕਿ ਮੰਡਲੀਆਂ ਦੀ ਖ਼ੁਦਮੁਖ਼ਤਿਆਰੀ ਲਈ ਹਰ ਮੰਡਲੀ ਲਈ ਆਪਣਾ ਫ਼ੈਸਲਾ ਆਪ ਲੈਣਾ ਜ਼ਰੂਰੀ ਹੈ। ਵੱਡੀਆਂ ਮੰਡਲੀਆਂ ਛੋਟੀਆਂ ਮੰਡਲੀਆਂ ਉੱਤੇ ਹਕੂਮਤ ਨਹੀਂ ਕਰਦੀਆਂ, ਨਾ ਹੀ ਕੋਈ ਕਾਨਫ੍ਰੰਸ, ਕਨਵੈਨਸ਼ਨ ਜਾਂ ਇਹੋ ਜਿਹਾ ਅਦਾਰਾ ਹੈ ਜੋ ਆਪਣੀ ਇੱਛਾ ਨੂੰ ਸਥਾਨਕ ਕਲੀਸੀਆ ਉੱਤੇ ਮੜ੍ਹ ਸਕੇ।

ਅਸੀਂ ਮੰਡਲੀ ਦੀ ਖ਼ੁਦਮੁਖ਼ਤਿਆਰੀ ਨੂੰ ਕਿਉਂ ਮੰਨਦੇ ਹਾਂ? ਇਸ ਦੇ ਘੱਟੋ-ਘੱਟ ਤਿੰਨ ਕਾਰਣ ਹਨ:

(1) ਨਵਾਂ ਨੇਮ ਆਪਣੀ ਮੰਡਲੀ 'ਤੇ ਐਲਡਰਾਂ ਦੇ ਅਖ਼ਤਿਆਰ ਦੀ ਹੱਦ ਬੰਨ੍ਹਦਾ ਹੈ: ''ਓਸ ਇੱਜੜ ਨੂੰ ਜੋ ਤੁਹਾਡੇ ਦਰਮਿਆਨ ਹੈ ਚਰਾਓ:...'' (1 ਪਤਰਸ 5:2; KJV)। ਉਨ੍ਹਾਂ ਨੂੰ ਉਸ ਇੱਜੜ ਦੇ ਇਲਾਵਾ ਜਿਸ ਵਿਚ ਉਹ ਸਨ ਕਿਸੇ ਹੋਰ ਇੱਜੜ ਦੇ ਪਾਸਟਰ ਜਾਂ ਅਯਾਲੀ ਬਣ ਕੇ ਕੰਮ ਕਰਨ ਦਾ ਅਖ਼ਤਿਆਰ ਨਹੀਂ ਸੀ।

(2) ਇਲਾਕਾਈ, ਰਾਸ਼ਟਰੀ ਜਾਂ ਅੰਤਰਰਾਸ਼ਟਰੀ ਸੰਗਠਨ ਜਾਂ ਕਲੀਸੀਆਵਾਂ ਦੇ ਸੰਗਠਨਾਂ ਲਈ ਨਵੇਂ ਨੇਮ ਵਿਚ ਇਹੋ ਜਿਹਾ ਕੋਈ ਅਦਾਰਾ ਨਹੀਂ ਸੀ। ਪਹਿਲੀ ਸਦੀ ਦੀ ਕਲੀਸੀਆ ਵਿਚ ਇਨ੍ਹਾਂ ਵਿੱਚੋਂ ਕਿਸੇ ਸੰਗਠਨ ਦਾ ਵਜੂਦ ਨਹੀਂ ਸੀ।

(3) ਭਾਵੇਂ ਇਹ ਕਾਰਣ ਬਾਈਬਲ ਵਿੱਚੋਂ ਨਹੀਂ ਲਿਆ ਗਿਆ, ਪਰ ਕਿਹਾ ਜਾ ਸਕਦਾ ਹੈ ਕਿ ਸਥਾਨਕ ਮੰਡਲੀਆਂ ਦੀ ਇਕ ਦੂਜੇ ਤੋਂ ਅਜ਼ਾਦ ਰਹਿਣ ਦੇ ਇੰਤਜ਼ਾਮ ਵਿਚ ਖ਼ੁਦਾਈ ਬੁੱਧ ਸਾਫ਼ ਝਲਕਦੀ ਹੈ। ਇਕ ਮੰਡਲੀ ਦੇ ਗਲਤ ਹੋ ਜਾਣ ਤੇ ਜ਼ਰੂਰੀ ਨਹੀਂ ਕਿ ਦੂਜੀ ਮੰਡਲੀਆਂ ਵੀ ਉਵੇਂ ਹੀ ਕਰਨ।

ਕੁਝ ਲੋਕ ਮੰਡਲੀਆਂ ਦੇ ਸਥਾਨਕ ਅਧਿਕਾਰ ਵਿਚ ਵਿਸ਼ਵਾਸ ਕਿਉਂ *ਨਹੀਂ* ਕਰਦੇ?

ਕੁਝ ਲੋਕ ਅੰਤਰ-ਕਲੀਸੀਆ ਸੰਗਠਨਾਂ ਲਈ ਉਦਾਹਰਣ ਦੇ ਰੂਪ ਵਿਚ ਰਸੂਲਾਂ ਦੇ ਕੰਮ

15 ਅਧਿਆਇ ਵਿਚ ''ਯਰੂਸ਼ਲਮ ਦੀ ਕਾਨਫ੍ਰੰਸ'' ਦੀ ਉਦਾਹਰਣ ਦਿੰਦੇ ਹਨ। ਪਰ (1) ''ਯਰੂਸ਼ਲਮ ਦੀ ਕਾਨਫ੍ਰੰਸ'' ਇੱਕੋ ਵਾਰ ਹੋਣ ਵਾਲੀ ਘਟਨਾ ਸੀ ਨਾ ਕਿ ਬਾਰ-ਬਾਰ ਹੋਣ ਵਾਲੀ; (2) ਇਹਦੇ ਲਈ ਉਨ੍ਹਾਂ ਭਾਈਆਂ ਨੇ, ਜਿਨ੍ਹਾਂ ਦੇ ਮਨ ਵਿਚ ਸਵਾਲ ਸਨ ਅਤੇ ਸਲਾਹ ਚਾਹੁੰਦੇ ਸਨ, ਬੇਨਤੀ ਕੀਤੀ ਸੀ; (3) ਇਸ ਵਿਚ ਅਹਿਮ ਭੂਮਿਕਾ ਰਸੂਲਾਂ ਦੀ ਸੀ, ਜਿਨ੍ਹਾਂ ਦਾ ਵਾਰਿਸ ਕੋਈ ਨਹੀਂ ਸੀ; ਅਤੇ (4) ਇਸ ਕਾਨਫ੍ਰੰਸ ਦੇ ਬਾਅਦ ਇਕ ਦਸਤਾਵੇਜ਼ ਭੇਜਿਆ ਗਿਆ ਜੋ ਅਜਿਹਾ ਨਹੀਂ ਲਗਦਾ ਸੀ ਕਿ ਉਸ ਨੂੰ ਉੱਚ ਅਧਿਕਾਰੀਆਂ ਵੱਲੋਂ, ''ਕਲੀਸੀਆ ਦੇ ਪ੍ਰਬੰਧ'' ਦੇ ਰੂਪ ਵਿਚ ਵਰਤਿਆ ਗਿਆ ਹੋਵੇ।

ਹੋਰ ਲੋਕ ਕਲੀਸੀਆ ਨਾਲ ਆਪਣੇ ਸਾਥੀਆਂ ਦੇ ਕੰਮ ਨਾਲ ਰਸੂਲਾਂ ਦੇ ਕੰਮ ਨੂੰ ਉਸ ਸੰਗਠਨ ਦੀ ਉਦਾਹਰਣ ਦੇ ਰੂਪ ਵਿਚ ਜਿਸ ਵਿਚ ਉਨ੍ਹਾਂ ਲੋਕਾਂ ਨੂੰ ਚੰਗਾ ਲਗਦਾ ਹੈ ਕਿ ਰਸੂਲਾਂ ਦੀ ਕਲੀਸੀਆਵਾਂ ਦੇ ਵਿਸ਼ਾਲ ਇਲਾਕੇ ਉੱਤੇ ਹਕੂਮਤ ਹੋਵੇ, ਵਰਤੋਂ ਕਰਦੇ ਹਨ। ਪਰ ਰਸੂਲਾਂ ਵਿਚ ਖਾਸ ਖੂਬੀਆਂ ਸਨ ਅਤੇ ਉਨ੍ਹਾਂ ਨੂੰ ਖਾਸ ਅਖ਼ਤਿਆਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਦਾ ਕੋਈ ਵਾਰਿਸ ਨਹੀਂ ਸੀ। ਉਨ੍ਹਾਂ ਦੇ ''ਅਖ਼ਤਿਆਰ'' ਨੂੰ ਅੱਜ ਕਿਸੇ ਲਈ ਨਮੂਨੇ ਦੇ ਤੌਰ ਤੇ ਨਹੀਂ ਵਰਤਿਆ ਜਾ ਸਕਦਾ।

ਜੋ ਲੋਕ ''ਮਿਸ਼ਨਰੀ ਸੋਸਾਇਟੀ'' ਦੀ ਵਰਤੋਂ ਕਰਨ ਵਿਚ ਯਕੀਨ ਰੱਖਦੇ ਹਨ ਉਹ ਆਮ ਤੌਰ ਤੇ ਇਹੀ ਆਖਦੇ ਹਨ ਕਿ ਸਥਾਨਕ ਕਲੀਸੀਆ ਆਪਣੇ ਦਮ ਤੇ ਕੋਈ ਕੰਮ ਨਹੀਂ ਕਰ ਸਕਦੀ, ਇਸ ਲਈ ਕਲੀਸੀਆਵਾਂ ਦਾ ਸੰਗਠਨ ਹੋਣਾ ਜ਼ਰੂਰੀ ਹੈ। ਹਕੀਕਤ ਇਹ ਹੈ ਕਿ ਮਿਸ਼ਨ ਦੇ ਕੰਮ ਕਿਸੇ ਮਿਸ਼ਨਰੀ ਸੋਸਾਇਟੀ ਦੇ ਬਗ਼ੈਰ ਵੀ ਕੀਤੇ ਜਾ ਸਕਦੇ ਹਨ, ਜਿਵੇਂ ਕਿ ਕਈ ਵਾਰ ਵੇਖਣ ਵਿਚ ਆਉਂਦਾ ਹੈ।

*ਤੀਜਾ, ਸਥਾਨਕ ਕਲੀਸੀਆਵਾਂ ਵਿਚ ਮਦਦ ਹੋਣਾ ਜ਼ਰੂਰੀ ਹੈ।* ਸਥਾਨਕ ਕਲੀਸੀਆਵਾਂ ਜਿਵੇਂ ਉਨ੍ਹਾਂ ਵਿਚ ਯੋਗਤਾ ਅਤੇ ਮੌਕੇ ਹੋਣ, ਚੰਗੇ ਕੰਮਾਂ ਵਿਚ ਇਕ ਦੂਜੇ ਦੀ ਮਦਦ ਕਰਨ ਲਈ ਅਜ਼ਾਦ ਹਨ ਅਤੇ ਉਨ੍ਹਾਂ ਨੂੰ ਹੋਣਾ ਵੀ ਚਾਹੀਦਾ ਹੈ, ਭਾਵੇਂ ਉਹ ਕੰਮ ਪਰੋਪਕਾਰ, ਇੰਜੀਲ ਦੇ ਪ੍ਰਚਾਰ ਜਾਂ ਸਿੱਖਿਆ ਦੇਣ ਦਾ ਹੀ ਹੋਵੇ। ਵੱਖੋ-ਵੱਖ ਮੰਡਲੀਆਂ ਵੱਲੋਂ ਆਪਣੀ ਮਰਜ਼ੀ ਨਾਲ ਕਲੀਸੀਆ ਵਿਚ ਮਦਦ ਕਰਨਾ ਬਾਈਬਲ ਦੇ ਮੁਤਾਬਿਕ ਹੈ। ਬੇਸ਼ੱਕ ਕਿਸੇ ਵੀ ਮੰਡਲੀ ਨੂੰ ਕਿਸੇ ਦੂਜੀ ਮੰਡਲੀ ਦੀ ਮਦਦ ਕਰਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ।

## ਸਥਾਨਕ ਸੰਗਠਨ

ਜੇ ਹਰ ਸਥਾਨਕ ਮੰਡਲੀ ਆਪਣਾ ਪ੍ਰਬੰਧ ਆਪੇ ਕਰਦੀ ਹੈ, ਤਾਂ ਸਥਾਨਕ ਕਲੀਸੀਆ ਕਿਵੇਂ ਜੱਥੇਬੰਦ ਹੁੰਦੀ ਹੈ? ਨਵਾਂ ਨੇਮ ਇਸ ਵਿਸ਼ੇ ਤੇ ਕੀ ਅਗਵਾਈ ਦਿੰਦਾ ਹੈ? ਨਵਾਂ ਨੇਮ ਸਾਫ਼ ਕਰਦਾ ਹੈ ਕਿ ਉਸ ਵੇਲੇ ਸਥਾਨਕ ਕਲੀਸੀਆਵਾਂ ਕਈ ''ਅਹੁਦਿਆਂ,'' ''ਕੰਮਾਂ'' ਜਾਂ ''ਰਹਿਨੁਮਾਈ ਦੀ ਭੂਮਿਕਾਵਾਂ'' ਨੂੰ ਸਥਾਨਕ ਕਲੀਸੀਆ ਵਿਚ ਕੀ ਆਖਦੀਆਂ ਸਨ। ਇਸ ਨਾਲ ਇਸ ਦੇ ਸੰਗਠਨ ਦਾ ਪਤਾ ਲਗਦਾ ਸੀ।

*ਐਲਡਰਾਂ ਦਾ ਕੰਮ ਕਲੀਸੀਆ ਦੀ ਅਗਵਾਈ ਕਰਨਾ ਹੈ।* ਨਵੇਂ ਨੇਮ ਦੇ ਵਕਤ ਹਰ ਸਥਾਨਕ ਕਲੀਸੀਆ ਵਿਚ ਰਹਿਨੁਮਾਈ ਲਈ ਐਲਡਰਾਂ ਨੂੰ ਥਾਪਿਆ ਜਾਂਦਾ ਸੀ। ਰਸੂਲਾਂ ਦੇ ਕੰਮ 14:23 ਆਖਦਾ ਹੈ, ''ਜਾਂ ਉਨ੍ਹਾਂ ਨੇ ਹਰੇਕ ਕਲੀਸੀਆ ਵਿਚ ਉਨ੍ਹਾਂ ਲਈ ਬਜ਼ੁਰਗ ਠਹਿਰਾਏ ਅਤੇ ਰੋਜ਼ਾ ਰੱਖ ਕੇ ਪ੍ਰਾਰਥਨਾ ਕੀਤੀ ਤਾਂ ਉਨ੍ਹਾਂ ਨੂੰ ਪ੍ਰਭੂ ਦੇ ਹੱਥ ਸੌਂਪ ਦਿੱਤਾ ਜਿਹਦੇ

ਉੱਤੇ ਉਨ੍ਹਾਂ ਨਿਹਚਾ ਕੀਤੀ ਸੀ'' (ਤੀਤੁਸ 1:5 ਵੀ ਵੇਖੋ)। ਇਨ੍ਹਾਂ ਐਲਡਰਾਂ ਨੂੰ ਕਈ ਨਾਂਵਾਂ ਨਾਲ ਜਾਣਿਆ ਜਾਂਦਾ ਸੀ, ਜਿਸ ਨਾਲ ਹਰ ਨਾਂਅ ਨਾਲ ਕਲੀਸੀਆ ਵਿਚ ਉਨ੍ਹਾਂ ਦੀ ਭੂਮਿਕਾ ਦਾ ਪਤਾ ਲਗਦਾ ਸੀ। ਉਹ *ਬਜ਼ੁਰਗ* ਸਨ (ਰਸੂਲਾਂ ਦੇ ਕੰਮ 14:23; ਰਸੂਲਾਂ ਦੇ ਕੰਮ 20:17; ਤੀਤੁਸ 1:5; 1 ਪਤਰਸ 5:1; ਯੂਨਾਨੀ ਸ਼ਬਦ *presbuteros* ਤੋਂ), ਜੋ ਸੁਝਾਅ ਦਿੰਦਾ ਹੈ ਕਿ ਉਹ ਬਜ਼ੁਰਗ, ਵਧੇਰੇ ਤਜਰਬੇਕਾਰ ਅਤੇ ਸਿਆਣੇ ਲੋਕ ਹੁੰਦੇ ਸਨ। ਉਹ *ਬਿਸ਼ਪ* ਜਾਂ ਨਿਗਾਹਬਾਨ ਹੁੰਦੇ ਸਨ (ਰਸੂਲਾਂ ਦੇ ਕੰਮ 20:28; ਫ਼ਿਲਿੱਪੀਆਂ 1:1; ਤੀਤੁਸ 1:7; ਯੂਨਾਨੀ ਸ਼ਬਦ *episkopos* ਤੋਂ), ਜਿਸ ਤੋਂ ਇਹ ਪਤਾ ਲਗਦਾ ਹੈ ਕਿ ਨਿਗਾਹਬਾਨ ਜਾਂ ਨਿਗਰਾਨ ਹੁੰਦੇ ਸਨ। ਉਹ *pastors* (ਪਾਸਬਾਨ) ਜਾਂ ਅਯਾਲੀ ਹੁੰਦੇ ਸਨ (ਰਸੂਲਾਂ ਦੇ ਕੰਮ 20:28; ਅਫ਼ਸੀਆਂ 4:11; 1 ਪਤਰਸ 5:2; ਯੂਨਾਨੀ ਸ਼ਬਦ *poimen* ਤੋਂ), ਜਿਸ ਤੋਂ ਇਹ ਪਤਾ ਲਗਦਾ ਹੈ ਕਿ ਉਨ੍ਹਾਂ ਇੱਜੜ ਭਾਵ ਕਲੀਸੀਆ ਲਈ ਅਯਾਲੀ ਦੇ ਰੂਪ ਵਿਚ ਕੰਮ ਕਰਨਾ ਸੀ।

ਇਹ ਸਾਫ਼ ਹੈ ਕਿ ਇਹ ਤਿੰਨੇ ਸ਼ਬਦ ਇਸੇ ''ਅਹੁਦੇ'' ਲਈ ਹਨ। ਉਦਾਹਰਣ ਲਈ ਰਸੂਲਾਂ ਦੇ ਕੰਮ 20:17, 18 ਦੇ ਅਨੁਸਾਰ ਪੌਲੁਸ ਅਫ਼ਸੁਸ ਦੀ ਕਲੀਸੀਆ ਦੇ ''ਐਲਡਰਾਂ'' ਨੂੰ ਕਹਿ ਰਿਹਾ ਸੀ, ''ਤੁਸੀਂ ਆਪਣੀ, ਨਾਲੇ ਉਸ ਸਾਰੇ ਇੱਜੜ ਦੀ ਖਬਰਦਾਰੀ ਕਰੋ ਜਿਹਦੇ ਉੱਤੇ ਪਵਿੱਤਰ ਆਤਮਾ ਨੇ ਤੁਹਾਨੂੰ ਨਿਗਾਹਾਬਾਨ ਠਹਿਰਾਇਆ ਹੈ ਜੋ ਪਰਮੇਸ਼ੁਰ ਦੀ ਕਲੀਸੀਆ ਦੀ ਚਰਵਾਹੀ ਕਰੋ ... '' (ਰਸੂਲਾਂ ਦੇ ਕੰਮ 20:28)। ''ਐਲਡਰਾਂ'' ਨੂੰ ''ਨਿਗਾਹਬਾਨ'' ਬਣਾਇਆ ਗਿਆ ਸੀ, ਇਕ ਹੋਰ ਥਾਂ ਇਸ ਦਾ ਅਨੁਵਾਦ ਪੰਜਾਬੀ ਬਾਈਬਲ ਵਿਚ ''ਨਿਗਾਹਬਾਨ'' ਕਰ ਕੇ ਹੇਠਾਂ ਟਿੱਪਣੀ ਵਿਚ ਇਕਵਚਨ ਸ਼ਬਦ ''ਬਿਸ਼ਪ'' (*episkopos*) ਲਿਖਿਆ ਹੈ। ਇਸ ਤਰ੍ਹਾਂ ''ਐਲਡਰਾਂ'' (ਬਹੁਵਚਨ) ਨੂੰ ਹੀ ''ਬਿਸ਼ਪ'' (ਬਹੁਵਚਨ) ਕਿਹਾ ਜਾਂਦਾ ਸੀ। ਇਨ੍ਹਾਂ ''ਐਲਡਰਾਂ'' ਜਾਂ ''ਬਿਸ਼ਪਾਂ'' ਨੂੰ ਇੱਜੜ ਦੀ ''ਚਰਵਾਹੀ'' ਕਰਨ ਲਈ ਕਿਹਾ ਗਿਆ ਹੈ (''ਚਰਾਓ''; KJV)। ਵਰਤਿਆ ਗਿਆ ਯੂਨਾਨੀ ਸ਼ਬਦ ''ਪਾਸਬਾਨ'' ਜਾਂ ''ਅਯਾਲੀ'' (*poimen*) ਦਾ ਕਿਰਿਆ ਰੂਪ ਹੈ। ਐਲਡਰਾਂ ਨੇ ਆਜੜੀਆਂ ਵਾਂਗ ਕੰਮ ਕਰਨਾ ਹੁੰਦਾ ਸੀ ਭਾਵ ਉਨ੍ਹਾਂ ਲਈ ''ਪਾਸਬਾਨ'' ਬਣਨਾ ਜ਼ਰੂਰੀ ਸੀ। ਇਸ ਤਰ੍ਹਾਂ ''ਐਲਡਰ/ਬਜ਼ੁਰਗ,'' ''ਬਿਸ਼ਪ/ਨਿਗਾਹਬਾਨ'' ਅਤੇ ''ਪਾਸਟਰ/ਪਾਸਬਾਨ'' ਸਭ ਇੱਕੋ ਸਮੂਹ ਦੇ ਲੋਕਾਂ ਲਈ ਸ਼ਬਦ ਹੈ (ਤੀਤੁਸ 1:5, 7 ਅਤੇ KJV ਅਤੇ NRSV ਵਿਚ 1 ਪਤਰਸ 5:1, 2 ਵੇਖੋ)। ਮਸੀਹ ਦੇ ਇੱਜੜ ਦੀ ਅਗਵਾਈ ਲਈ ਇਨ੍ਹਾਂ ਬੰਦਿਆਂ ਵਿਚ ਖਾਸ ਖੂਬੀਆਂ ਹੋਣੀਆਂ ਜ਼ਰੂਰੀ ਸਨ (1 ਤਿਮੋਥਿਉਸ 3; ਤੀਤੁਸ 1)।

*ਡੀਕਨਾਂ ਦਾ ਕੰਮ ਕਲੀਸੀਆ ਦੀ ਸੇਵਾ ਕਰਨਾ ਹੈ।* ''ਡੀਕਨ'' ਸ਼ਬਦ *diakonos* ਤੋਂ ਲਿਆ ਗਿਆ ਹੈ ਅਤੇ ਇਸ ਦਾ ਮੂਲ ਅਰਥ ਸੇਵਕ ਜਾਂ ਮਿਨਿਸਟਰ ਹੈ। ਇਹ ਹਮੇਸ਼ਾ ਇਕ ਖਾਸ ਸਮੂਹ ਦੇ ਲੋਕਾਂ ਤੇ ਲਾਗੂ ਨਹੀਂ ਹੁੰਦਾ ਜਿਨ੍ਹਾਂ ਨੂੰ ਖਾਸ ਤੌਰ ਤੇ ਸੇਵਾ ਲਈ ਠਹਿਰਾਇਆ ਗਿਆ ਸੀ। ਇਕ ਅਰਥ ਵਿਚ ਹਰ ਮਸੀਹੀ ਲਈ ਸੇਵਕ ਹੋਣਾ ਜ਼ਰੂਰੀ ਹੈ। ਪਰ ਫ਼ਿਲਿੱਪੀਆਂ 1:1 ਅਤੇ 1 ਤਿਮੋਥਿਉਸ 3 ਤੋਂ ਸਾਫ਼ ਹੈ ਕਿ ਖਾਸ ਅਰਥ ਵਿਚ ਡੀਕਨ ਹੁੰਦੇ ਹਨ। ਇਹਦੇ ਇਲਾਵਾ ਕੁਝ ਲੋਕਾਂ ਦਾ ਮੰਨਣਾ ਹੈ ਕਿ ਰਸੂਲਾਂ ਦੇ ਕੰਮ 6 ਅਧਿਆਇ ਵਿਚ ਚੁਣੇ ਜਾਣ ਵਾਲੇ ਲੋਕ ਡੀਕਨ ਹੀ ਸਨ, ਕਿਉਂਕਿ ਉਨ੍ਹਾਂ ਦੀ ਭੂਮਿਕਾ ''ਖੁਆਉਣ ਪਿਆਉਣ'' ਦੀ ਸੇਵਾ ਦੇ ਰੂਪ ਵਿਚ ਸੀ।

ਐਲਡਰਾਂ ਵਾਂਗ, ਡੀਕਨਾਂ ਲਈ ਵਰਤੇ ਜਾਣ ਵਾਲੇ ''ਅਹੁਦੇ'' ਤੋਂ ਵੀ ਇਹ ਪਤਾ ਲਗਦਾ ਹੈ ਕਿ ਉਨ੍ਹਾਂ ਦਾ ਕੰਮ *ਸੇਵਾ ਕਰਨਾ* ਸੀ। *''ਡੀਕਨ'' ਸ਼ਬਦ ਤੋਂ ਇਸ ਦੇ ਅਖ਼ਤਿਆਰ ਦਾ ਪੂਰਾ ਪਤਾ ਨਹੀਂ ਲਗਦਾ।* ਡੀਕਨ ਦੇ ਸਬੰਧ ਵਿਚ ਹੇਠਾਂ ਦਿੱਤੇ ਗਏ ਸੁਝਾਵਾਂ ਤੇ ਵਿਚਾਰ ਕਰੋ:

(1) ਉਹ ਐਲਡਰਾਂ ਦੇ ਬਰਾਬਰ ਨਹੀਂ ਹੁੰਦੇ, ਅਤੇ ਐਲਡਰਾਂ ਨੂੰ ਕਲੀਸੀਆ ਦੇ (''ਰੂਹਾਨੀ'') ਕੰਮ ਦੇ ਇਕ ਪਹਿਲੂ ਤੇ ਕੰਟਰੋਲ ਮਿਲਦਾ ਹੈ ਅਤੇ ਡੀਕਨ ਨੂੰ ਦੂਜਾ (''ਦੁਨਿਆਵੀ'') ਕੰਮ ਮਿਲਿਆ ਹੁੰਦਾ ਹੈ।

(2) ਉਹ ਐਲਡਰਾਂ ਦੇ ਕੰਮ ਕਾਜ ਨੂੰ ਮੰਜ਼ੂਰ ਕਰਨ ਦਾ ਕੰਮ ਕਰਨ ਵਾਲੇ ਜਾਂ ਐਲਡਰਾਂ ਨੂੰ ਸਲਾਹ ਦੇਣ ਵਾਲੇ ਸਲਾਹਕਾਰਾਂ ਦੀ ਵੱਖਰੀ ਸਭਾ ਨਹੀਂ ਹੈ। (ਉਹ ਅਜਿਹੀ ਸਲਾਹ ਦੇ ਸਕਦੇ ਹਨ, ਪਰ ਇਹ ਕੰਮ ਹਰ ਮਸੀਹੀ ਕਰ ਸਕਦਾ ਹੈ।)

(3) ਸਗੋਂ ਬਹੁਤ ਸਾਰੀਆਂ ਗੱਲਾਂ ਵਿਚ ਉਨ੍ਹਾਂ ਦੀਆਂ ਯੋਗਤਾਵਾਂ ਐਲਡਰਾਂ ਵਰਗੀਆਂ ਹੁੰਦੀਆਂ ਹਨ, ਪਰ ਕੋਈ ਆਪਣੇ ਆਪ ਡੀਕਨ ਦੇ ਅਹੁਦੇ ਤੋਂ ਐਲਡਰ ਨਹੀਂ ਬਣ ਸਕਦਾ।

(4) ਇਸ ਗੱਲ ਤੇ ਸਵਾਲ ਕੀਤਾ ਜਾ ਸਕਦਾ ਹੈ ਕਿ ਸੇਵਾ ਨਾ ਕਰਨ ਵਾਲੇ ਡੀਕਨ ਨੂੰ ਡੀਕਨ ਮੰਨਿਆ ਵੀ ਜਾਵੇ ਜਾਂ ਨਹੀਂ।

(5) ''ਡੀਕਨ'' ਦੇ ਸਿਰਲੇਖ ਵਿਚ ਕੋਈ ਅਧਿਕਾਰ ਤਾਂ ਨਹੀਂ ਹੈ, ਪਰ ਡੀਕਨ ਜਾਂ ਸੇਵਕ ਨੂੰ ਕਲੀਸੀਆ ਵਿਚ ਖਾਸ ਤਰ੍ਹਾਂ ਦਾ ਜਾਂ ਖਾਸ ਕੰਮ ਕਰਨ ਦੀ ਸੇਵਾ ਦਿੱਤੀ ਜਾ ਸਕਦੀ ਹੈ। ਅਜਿਹਾ ਹੋਣ ਤੇ, ਉਹਨੂੰ ਉਸ ਕੰਮ ਤੇ ਅਧਿਕਾਰ ਮਿਲਦਾ ਹੈ। ਉਹਦੇ ਲਈ ਕੰਮ ਨੂੰ ਪੂਰਾ ਕਰਨ ਲਈ ਆਗੂ ਬਣਨਾ ਜ਼ਰੂਰੀ ਹੋ ਸਕਦਾ ਹੈ ਭਾਵ ਉਹ ਕੰਮ ਨੂੰ ਪੂਰਾ ਕਰਨ ਲਈ ਦੂਜਿਆਂ ਕੰਮਾਂ ਦੀ ਅਗਵਾਈ ਕਰਦਾ ਹੈ। ਉਹਨੂੰ ਅਜਿਹਾ ਕੋਈ ਵੀ ਅਧਿਕਾਰ ਸੌਂਪਿਆ ਗਿਆ ਹੁੰਦਾ ਹੈ। ਉਹਦੇ ਕੋਲ ਇਹ ਅਖ਼ਤਿਆਰ ਉਸ ਕੰਮ ਦੇ ਮੁਕੰਮਲ ਹੋਣ ਤਕ ਹੀ ਰਹਿੰਦਾ ਹੈ।

(6) ਰੋਮੀਆਂ 16:1 ਵਿਚ ਫ਼ੀਬੀ ਦਾ ਜ਼ਿਕਰ ਸੇਵਕਾ ਦੇ ਰੂਪ ਵਿਚ ਮਿਲਦਾ ਹੈ। ਕੁਝ ਲੋਕਾਂ ਦਾ ਮੰਨਣਾ ਹੈ ਕਿ ਇਸ ਆਇਤ ਵਿਚ ''ਸੇਵਕਾ'' ਸ਼ਬਦ ਦਾ ਅਰਥ ਇਹ ਹੈ ਕਿ ਪਹਿਲੀ ਸਦੀ ਦੀ ਕਲੀਸੀਆ ਵਿਚ ਜਨਾਨਾ ਡੀਕਨ (ਡੀਕਨੈੱਸ) ਵੀ ਹੁੰਦੀ ਸੀ। ਇੱਥੇ ਲਿਖਿਆ ਹੈ, ''ਮੈਂ ਤੁਹਾਨੂੰ ਫ਼ੀਬੀ ਦੀ ਸੌਂਪਣਾ ਕਰਦਾ ਹਾਂ ਜਿਹੜੀ ਸਾਡੀ ਭੈਣ ਅਤੇ ਉਸ ਕਲੀਸੀਆ ਦੀ ਸੇਵਕਾ ਹੈ ਜੋ ਕੰਖਰਿਯਾ ਵਿਚ ਹੈ।'' ਹੋਰਨਾਂ ਦਾ ਮੰਨਣਾ ਹੈ ਕਿ ਰੋਮੀਆਂ 16:1 ਵਿਚ ''ਸੇਵਕਾ'' ਲਈ ਯੂਨਾਨੀ ਸ਼ਬਦ ਦੀ ਉਸ ਤਕਨੀਕੀ ਅਰਥ ਵਿਚ ਵਰਤੋਂ ਨਹੀਂ ਕੀਤੀ ਗਈ ਜਿਸ ਵਿਚ ਫ਼ਿਲਿੱਪੀਆਂ 1:1 ਵਿਚ ਕੀਤੀ ਗਈ, ਸਗੋਂ ਉਸ ਅਰਥ ਵਿਚ ਕੀਤੀ ਗਈ ਹੈ ਜਿਸ ਵਿਚ ਕਲੀਸੀਆ ਦਾ ਕੋਈ ਵੀ ਮੈਂਬਰ ਸੇਵਕ ਭਾਵ *diakonos* ਭਾਵ ''ਡੀਕਨ'' ਬਣ ਸਕਦਾ ਹੈ।

*ਪ੍ਰਚਾਰਕਾਂ ਅਤੇ ਉਸਤਾਦਾਂ (ਟੀਚਰਾਂ) ਲਈ ਸਥਾਨਕ ਕਲੀਸੀਆ ਨਾਲ ਕੰਮ ਕਰਨਾ ਜ਼ਰੂਰੀ ਹੈ।* ਅਫ਼ਸੀਆਂ 4:11-13 ਵਿਚ ਇਹ ਸੰਕੇਤ ਮਿਲਦਾ ਹੈ ਕਿ ਨਵੇਂ ਨੇਮ ਦੇ ਵਕਤ ਕਲੀਸੀਆ ਨੂੰ ਬਣਾਉਣ ਲਈ ਪ੍ਰਚਾਰ ਕਰਨ ਅਤੇ ਸਿੱਖਿਆ ਦੇਣ ਦਾ ਰੂਹਾਨੀ ਦਾਨ ਦਿੱਤਾ ਗਿਆ ਸੀ।

ਪ੍ਰਚਾਰਕ ਲਈ ਨਵੇਂ ਨੇਮ ਵਿਚ ਕਈ ਅਹੁਦਿਆਂ ਦੀ ਵਰਤੋਂ ਕੀਤੀ ਗਈ ਹੈ। ਉਨ੍ਹਾਂ ਵਿੱਚੋਂ ਕੁਝ ਇਹ ਹਨ: *kerux* ਭਾਵ ਸੰਦੇਸ਼ ਦੇਣ ਵਾਲਾ ਜਾਂ ਮੁਨਾਦੀ ਕਰਨ ਵਾਲਾ (1 ਤਿਮੋਥਿਉਸ 2:7; 2 ਤਿਮੋਥਿਉਸ 1:11), ਅਤੇ ਇੰਜੀਲ ਸੁਣਾਉਣ ਵਾਲਾ ਜਾਂ ਇਵੈਂਜਲਿਸਟ

(*euangelistes*), ਚੰਗੀ ਖ਼ਬਰ ਦੇਣ ਵਾਲਾ ਹੁੰਦਾ ਹੈ (ਰਸੂਲਾਂ ਦੇ ਕੰਮ 21:8; ਅਫ਼ਸੀਆਂ 4:11; 2 ਤਿਮੋਥਿਉਸ 4:5)। ਇਨ੍ਹਾਂ ਅਹੁਦਿਆਂ ਵਿਚ ਗੁਆਚੇ ਹੋਏ ਲੋਕਾਂ ਨੂੰ ਖੁਸ਼ਖਬਰੀ ਦੇਣ ਦਾ ਪਤਾ ਲਗਦਾ ਹੈ। ਪ੍ਰਚਾਰਕਾਂ ਦੀ ਜ਼ਿੰਮੇਵਾਰੀ ਪ੍ਰਚਾਰ ਕਰਨਾ ਅਤੇ ਕਲੀਸੀਆ ਨਾਲ ਕੰਮ ਕਰਨ ਦੀ ਵੀ ਹੁੰਦੀ ਹੈ। ਨਵੇਂ ਨੇਮ ਦਾ ਸਬੂਤ ਇਨ੍ਹਾਂ ਤੱਥਾਂ ਨੂੰ ਪ੍ਰਖ਼ਤਾ ਕਰਦਾ ਹੈ: (1) ਨਵੇਂ ਨੇਮ ਦੇ ਸਮੇਂ ਪ੍ਰਚਾਰਕ ਨਾਲ ਖਾਸ ਕੰਮ ਜਾਂ ਰੂਹਾਨੀ ਦਾਨ ਜੁੜਿਆ ਹੁੰਦਾ ਸੀ (ਅਫ਼ਸੀਆਂ 4:11-13)। ਬਿਨਾਂ ਕਿਸੇ ਸ਼ੱਕ ਦੇ ਇਹ ਮੋਅਜਜ਼ੇ ਦੇ ਰਾਹੀਂ ਦਿੱਤਾ ਜਾਣ ਵਾਲਾ ਦਾਨ ਸੀ। ਇਹ ਦਾਨ ਅੱਜ ਮੋਅਜਜ਼ੇ ਰਾਹੀਂ ਨਹੀਂ ਸਗੋਂ ਮਿਹਨਤ ਕਰਨ ਨਾਲ ਮਿਲਦਾ ਹੈ। (2) ਪ੍ਰਚਾਰਕ ਕਈ ਸਾਲਾਂ ਤਕ ਇੱਕੋ ਥਾਂ ਰਹਿ ਕੇ ਪ੍ਰਚਾਰ ਕਰ ਸਕਦੇ ਸਨ; ਉਹ ਕਦੇ ਵੀ, ਜਾਂ ਹਮੇਸ਼ਾ ਘੁੰਮ ਕੇ ਪ੍ਰਚਾਰ ਨਹੀਂ ਕਰਦੇ ਸਨ। (3) ਪ੍ਰਚਾਰਕਾਂ ਨੂੰ ਪ੍ਰਚਾਰ ਕਰਨ ਲਈ, ਤਨਖਾਹ ਦਿੱਤੀ ਜਾ ਸਕਦੀ ਹੈ ਅਤੇ ਦਿੱਤੀ ਵੀ ਜਾਣੀ ਚਾਹੀਦੀ ਹੈ। ਇਸ ਲਈ ਉਹ ਕਲੀਸੀਆ ਲਈ ਪੂਰਾ ਸਮਾਂ ਕੰਮ ਕਰ ਸਕਦੇ ਹਨ। (4) ਪ੍ਰਚਾਰਕਾਂ ਦਾ ਕੰਮ ਕਲੀਸੀਆ ਨੂੰ ਸਮਝਾਉਣ ਦੇ ਨਾਲ-ਨਾਲ ਬਾਹਰ ਦੇ ਲੋਕਾਂ ਵਿਚ ਪ੍ਰਚਾਰ ਕਰਨਾ ਵੀ ਹੁੰਦਾ ਸੀ। (5) ਸਾਰੇ ਐਲਡਰ ਪ੍ਰਚਾਰ ਕਰਨ ਜਾਂ ਸਿਖਾਉਣ ਦਾ ਕੰਮ ਨਹੀਂ ਕਰਦੇ ਸਨ (1 ਤਿਮੋਥਿਉਸ 5:17)। (6) ਪ੍ਰਚਾਰਕ ਨੂੰ ਸਥਾਨਕ ਕਲੀਸੀਆ ਵਿਚ ਕੰਮ ਦਿੱਤਾ ਜਾਂਦਾ ਸੀ। ਉਹ ਕੰਮ ਕੀ ਹੁੰਦਾ ਸੀ? ਜਵਾਬ ਲਈ ਤਿਮੋਥਿਉਸ ਅਤੇ ਤੀਤੁਸ ਦੇ ਨਾਂਅ ਲਿਖੀਆਂ ਪੌਲੁਸ ਦੀ ਪੱਤਰੀਆਂ ਵੇਖੋ।

ਸਥਾਨਕ ਕਲੀਸੀਆ ਦੇ ਕੰਮ ਵਿਚ ਪ੍ਰਚਾਰਕ ਦੀ ਅਹਿਮੀਅਤ ਹੈ। *ਤਾਂ ਵੀ ਨਵੇਂ ਨੇਮ ਦੇ ਸਮੇਂ ਵਿਚ ਪ੍ਰਚਾਰਕ ਦਾ ਕਲੀਸੀਆ ਉੱਤੇ ਅਖ਼ਤਿਆਰ ਨਹੀਂ ਹੁੰਦਾ ਸੀ!* ਨਵਾਂ ਨੇਮ ਇੰਜੀਲੀ ਅਖ਼ਤਿਆਰ ਦੀ ਸਿੱਖਿਆ ਨਹੀਂ ਦਿੰਦਾ। ਪ੍ਰਚਾਰਕ ਕੋਲ ਅਖ਼ਤਿਆਰ ਹੁੰਦਾ ਸੀ, *ਪਰ ਇਹ ਅਖ਼ਤਿਆਰ ਖ਼ੁਦਾ ਦਾ ਵਚਨ ਹੀ ਦੱਸਣ ਦਾ ਹੀ ਸੀ।*

''ਉਸਤਾਦ'' ਲਈ ਯੂਨਾਨੀ ਸ਼ਬਦ *didaskalos* ਹੈ। ਇਸ ਸ਼ਬਦ ਦੀ ਵਰਤੋਂ ਕਈ ਥਾਂ ਕੀਤੀ ਜਾਂਦੀ ਹੈ ਜਿੱਥੇ ਸਿੱਖਿਆ ਦੇਣ ਨੂੰ ਖਾਸ ਦਾਨ ਦੇ ਰੂਪ ਵਿਚ ਦੱਸਿਆ ਗਿਆ ਹੈ (ਅਫ਼ਸੀਆਂ 4:11-13; ਰੋਮੀਆਂ 12:7; 1 ਕੁਰਿੰਥੀਆਂ 12:29)। ਇਹ ਵੀ ਬਹੁਤਾ ਕਰਕੇ ਦਾਨ ਹੀ ਹੁੰਦਾ ਸੀ। ਐਲਡਰਾਂ ਲਈ ਸਿਖਾਉਣ ਦੇ ਯੋਗ ਹੋਣਾ ਜ਼ਰੂਰੀ ਹੈ ਅਤੇ ਪ੍ਰਚਾਰਕਾਂ ਲਈ ਸਿਖਾਉਣਾ। ਸ਼ਾਇਦ ਕੁਝ ਅਰਥ ਵਿਚ ਹਰ ਮਸੀਹੀ ਨੂੰ ਸਿਖਾਉਣ ਦੇ ਯੋਗ ਹੋਣਾ ਜ਼ਰੂਰੀ ਹੈ। ਸਾਫ਼ ਹੈ, ਕਈਆਂ ਵਿਚ ਖਾਸ ਖੂਬੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਨੂੰ ਖ਼ੁਦਾ ਦੇ ਵਚਨ ਦੀ ਸਿੱਖਿਆ ਦੇਣ ਦੀ ਖਾਸ ਜ਼ਿੰਮੇਵਾਰੀ ਮਿਲੀ ਹੈ।

ਦੋ ਸਵਾਲਾਂ ਦੇ ਜਵਾਬ ਦੇਣੇ ਅਜੇ ਬਾਕੀ ਹਨ।

*ਸੰਗਠਨ ਦੀ ਕੀ ਲੋੜ ਹੈ?* ਜੋ ਕੁਝ ਅਸੀਂ ਪਹਿਲਾਂ ਕਿਹਾ ਹੈ ਜੇ ਉਹ ਸੱਚ ਹੈ ਭਾਵ ਹਰ ਮਸੀਹੀ ਬਰਾਬਰ ਹੈ ਅਤੇ ਉਹਦਾ ਖ਼ੁਦਾ ਨਾਲ ਬਰਾਬਰ ਦਾ ਸਬੰਧ ਹੈ, ਤਾਂ ਸਥਾਨਕ ਪੱਧਰ ਤੇ ਲੀਡਰਸ਼ਿਪ ਜਾਂ ਰਹਿਨੁਮਾਈ ਦੇ ਕਿਸੇ ਪ੍ਰਬੰਧ ਲਈ ਸੰਗਠਨ ਕਿਉਂ ਜ਼ਰੂਰੀ ਹੈ? ਜਵਾਬ ਹੈ ਕਿ *ਇਸ ਵਿਚ ਰਹਿਨੁਮਾਈ ਹੋਵੇਗੀ! ਕਿਸੇ ਵੀ ਜਮਾਤ ਵਿਚ ਸੰਗਠਨ/ਲੀਡਰਸ਼ਿਪ ਦਾ ਪ੍ਰਬੰਧ ਖਪ ਜਾਵੇਗਾ।* ਖ਼ੁਦਾ ਸਾਨੂੰ ਆਪਣੇ ਮਕਸਦ ਅਤੇ ਸਾਡੀ ਭਲਿਆਈ ਲਈ, ਭਾਵ ਸੰਗਠਨ ਅਤੇ ਲੀਡਰਸ਼ਿਪ ਲਈ ਬੇਹਤਰੀਨ ਯੋਜਨਾ ਦਿੰਦਾ ਹੈ।

ਭਲਾ ਸੰਗਠਨ ਦੇ ਇਸ ਪ੍ਰਬੰਧ ਦੇ ਬਗ਼ੈਰ ਖਾਸ ਕਰ ਐਲਡਰਾਂ ਅਤੇ ਡੀਕਨਾਂ ਦੇ ਬਗ਼ੈਰ ਕਲੀਸੀਆ ਦਾ ਵਜੂਦ ਹੋ ਸਕਦਾ ਹੈ। ਹਾਂ, ਅਸੀਂ ਜਾਣਦੇ ਹਾਂ ਕਿ ਇਹ ਹੋ ਸਕਦਾ ਹੈ ਕਿਉਂਕਿ

ਨਵੇਂ ਨੇਮ ਦੇ ਵਕਤ ਕੁਝ ਸਮੇਂ ਤਕ ਕਲੀਸੀਆ ਐਲਡਰਾਂ ਦੇ ਬਗ਼ੈਰ ਹੀ ਸੀ। ਜਿੰਨੀ ਛੇਤੀ ਹੋ ਸਕੇ ਕਲੀਸੀਆ ਨੂੰ ਪੂਰੀ ਤਰ੍ਹਾਂ ਨਾਲ ਬਾਈਬਲ ਦੇ ਅਨੁਸਾਰ ਜੱਥੇਬੰਦ ਹੋ ਜਾਣਾ ਚਾਹੀਦਾ ਹੈ। ਜਦ ਤਕ ਇਵੇਂ ਨਹੀਂ ਹੁੰਦਾ ਤਦ ਤਕ ਤੀਤੁਸ 1:5 ਦੇ ਅਨੁਸਾਰ, ਕਲੀਸੀਆ ਵਿਚ ਕੁਝ ''ਕਮੀ'' ਹੈ। ਪੌਲੁਸ ਨੇ ਤੀਤੁਸ ਨੂੰ ਲਿਖਿਆ ਸੀ ''ਮੈਂ ਤੈਨੂੰ ਇਸ ਨਮਿੱਤ ਕਰੇਤ ਵਿਚ ਛੱਡਿਆ ਸੀ ਭਈ ਜਿਹੜੀਆਂ ਗੱਲਾਂ ਰਹਿ ਗਈਆਂ ਸਨ ਤੂੰ ਉਨ੍ਹਾਂ ਨੂੰ ਸੁਆਰੇਂ ਅਤੇ ਨਗਰ-ਨਗਰ ਬਜ਼ੁਰਗ ਥਾਪ ਦੇਵੇਂ ਜਿਵੇਂ ਮੈਂ ਤੈਨੂੰ ਆਗਿਆ ਕੀਤੀ ਸੀ।''

*ਕਲੀਸੀਆ ਦੇ ਆਗੂਆਂ ਨੂੰ ਆਪਣੇ ਆਪ ਨੂੰ ਕਿਵੇਂ ਸਮਝਣਾ ਚਾਹੀਦਾ ਹੈ?* ਅਫ਼ਸੀਆਂ 4:11-13 ਵਿਚ ਇਸ ਸਵਾਲ ਦਾ ਜਵਾਬ ਹੈ: ਉਨ੍ਹਾਂ ਨੂੰ ਆਪਣੇ ਆਪ ਨੂੰ ਸੇਵਕਾਂ ਦੇ ਰੂਪ ਵਿਚ ਵੇਖਣਾ ਚਾਹੀਦਾ ਹੈ ਜਿਨ੍ਹਾਂ ਨੂੰ ਖ਼ੁਦਾ ਵੱਲੋਂ ਖਾਸ ਖੂਬੀ ਦਿੱਤੀ ਗਈ ਹੈ ਭਾਵ ਹੋਰਨਾਂ ਨਾਲੋਂ ਬੇਹਤਰ ਨਹੀਂ, ਪਰ ਹੋਰ ਮੈਂਬਰਾਂ ਤੋਂ ਫ਼ਰਕ ਗੁਣ ਦਿੱਤੇ ਗਏ ਹਨ, ਅਤੇ ਕਲੀਸੀਆ ਦੀ ਮਦਦ ਲਈ ਉਨ੍ਹਾਂ ਲਈ ਉਨ੍ਹਾਂ ਖੂਬੀਆਂ ਦੀ ਵਰਤੋਂ ਕਰਨਾ ਜ਼ਰੂਰੀ ਹੈ।

## ਸਾਰ

ਅੰਤ ਵਿਚ ਮੈਂ ਪ੍ਰਭੂ ਦੀ ਕਲੀਸੀਆ ਦੇ ਸੰਗਠਨ ਲਈ ਨਵੇਂ ਨੇਮ ਦੀ ਯੋਜਨਾ ਨੂੰ ਅਪਨਾਉਣ ਦੀ ਬੇਨਤੀ ਕਰਦਾ ਹਾਂ। ਕੁਝ ਲੋਕਾਂ ਲਈ, ਕਲੀਸੀਆ ਦਾ ਸੰਗਠਨ ਕੋਈ ਛੋਟੀ ਗੱਲ ਹੋ ਸਕਦੀ ਹੈ, ਜਿਸ ਦਾ ਮਹੱਤਵ ਸਿੱਖਿਆ ਅਤੇ ਵਿਹਾਰ ਤੋਂ ਵੱਧ ਨਹੀਂ ਹੈ। ਹਕੀਕਤ ਇਹ ਹੈ ਕਿ ਵੱਡੀ ਬੇਦੀਨੀ ਆਮ ਤੌਰ ਤੇ ਕਲੀਸੀਆ ਦੇ ਸੰਗਠਨ ਵਿਚ ਤਬਦੀਲੀ ਕਰਨ ਨਾਲ ਹੀ ਆਉਂਦੀ ਹੈ। ਲਗਦਾ ਹੈ ਕਿ ਜਦ ਸੰਗਠਨ ਲਈ ਨਵੇਂ ਨੇਮ ਵਿਚ ਦਿੱਤੇ ਨਕਸ਼ੇ ਨੂੰ ਛੱਡ ਦਿੱਤਾ ਜਾਂਦਾ ਹੈ, ਤਾਂ ਕਲੀਸੀਆ ਵਿਚ ਹਰ ਤਰ੍ਹਾਂ ਦੀਆਂ ਤਬਦੀਲੀਆਂ ਦਾ ਰਸਤਾ ਸਾਫ਼ ਹੋ ਜਾਂਦਾ ਹੈ।

ਜਦ ਖ਼ੁਦਾ ਨੇ ਸੰਗਠਨਾਤਮਕ ਢਾਂਚੇ ਨਾਲ ਕਲੀਸੀਆ ਬਣਾਈ, ਤਾਂ ਉਹਨੂੰ ਪਤਾ ਸੀ ਕਿ ਉਹ ਕੀ ਕਰ ਰਿਹਾ ਹੈ! ਗਵਾਹੀ ਦੇਣ ਵਾਲੇ ਲੋਕ ਉਹਨੂੰ ਤਾਂ ਹੀ ਖੁਸ਼ ਕਰ ਸਕਦੇ ਹਨ ਅਤੇ ਰੂਹਾਨੀ ਤੌਰ ਤੇ ਫ਼ਾਇਦਾ ਲੈ ਸਕਦੇ ਹਨ ਜੇ ਉਹਦੇ ਦਿੱਤੇ ਹੁਕਮ ਵਿਚ ਰਹਿ ਕੇ ਕੰਮ ਕਰਨ।